**December 2012**

# ਆਉ। ਇਸ ਵਾਰ ਸ੍ਰੀ ਨਾਨਕ ਗੁਰਪੂਰਬ ਦੇ ਪਵਿੱਤਰ ਦਿਨ ਤੇ ਜਾਤਪਾਤ ਦੇ ਕਲੰਕ ਨੂੰ ਧੋ ਦੇਣ ਦੀ ਸੌਂਹ ਲਈਏ



**Dr. A. Kumar**

## ਜਾਤ-ਪਾਤ ਦਾ ਜ਼ਹਿਰ, ਪੰਜਾਬੀਆਂ ਤੇ ਕਲੰਕ

ਮੇਰੇ 'ਚ ਇੱਕ ਬਹੁਤ ਹੀ ਭੈੜੀ ਆਦਤ ਹੈ, ਮੈਂਨੂੰ ਨਾਲੇਜ ਯਾਨਿ ਕਿ ਗਿਆਨ ਪ੍ਰਾਪਤੀ ਦੀ ਚਾਹ ਹਮੇਸ਼ਾ ਬਣੀ ਰਹਿੰਦੀ ਹੈ। ਮੈਂ ਪੰਜਾਬੀ ਹਾਂ ਅਤੇ ਇਹ ਗਿਆਨ ਵਾਲੀ ਗੱਲ - ਹੈ ਤਾਂ ਪੰਜਾਬੀ ਸਭਿਆਚਾਰ ਤੇ ਕਲਚਰ ਦੇ ਬਿਲਕੁਲ ਉਲਟ, ਪਰ ਕੀ ਕਰਾਂ, ਭੈੜੀਆਂ ਆਦਤਾਂ ਪਿੱਛਾ ਵੀ ਤਾਂ ਨਹੀਂ ਛੱਡਦੀਆਂ। ਉਹ ਅੰਗ੍ਰੇਜ਼ੀ 'ਚ ਇੱਕ ਕਹਾਵਤ ਵੀ ਹੈ ਨਾ 'ਬੈਡ ਹੈਬਿਟਸ ਡਾਈ ਹਾਰਡ'। ਆਦਤ ਤਾਂ ਆਦਤ ਹੀ ਹੈ। ਸਾਡੇ ਪੰਜਾਬੀ ਸਮਾਜ 'ਚ ਗੱਲਾਂ ਦਾ ਲੈਣ ਦੇਣ ਤਾਂ ਜਗ 'ਚ ਮਸ਼ਹੂਰ ਹੈ ਹੀ ਜਿਵੇਂ ਕਿ ਸਾਡਾ ਢੋਲ, ਭੰਗੜਾ, ਲਚਰ ਗੀਤ, ਅਫ਼ੀਮ, ਨਸ਼ਾ ਤੇ ਦਾਰੂ। ਹੁਣ ਸਾਡੀ ਜਾਤ ਪਾਤ ਬਾਰੇ ਸੋਚ ਨੇ ਤਾਂ ਸਾਨੂੰ ਪੰਜਾਬੀਆਂ ਨੂੰ ਨੋਬਲ ਪ੍ਰਾਈਜ਼ ਪਾਉਣ ਵਾਲਿਆਂ ਦੀ ਕਤਾਰ 'ਚ ਲਿਆ ਖੜਾ ਕੀਤਾ ਹੈ।

ਤਕਰੀਬਨ ਤਿੰਨ ਸੌ ਤੋਂ ਪੰਜ ਸੌ ਵ੍ਹਰੇ ਪਹਿਲਾਂ, ਸ਼ਾਇਦ ਸਾਡੇ ਗੁਰੂ ਸਾਹਿਬਾਨ ਦੁਨੀਆਂ ਦੇ ਪਹਿਲੇ ਐਸੀ ਸੋਚ ਦੇ ਮਾਲਿਕ ਸਨ ਜਿਹਨਾਂ ਨੇ ਜਾਤ-ਪਾਤ ਦੀ ਬੁਰਾਈ ਬਾਰੇ ਖੁੱਲ ਕੇ ਵਿਚਾਰ ਰੱਖੇ ਤੇ ਸਮਾਜ ਨੂੰ ਬਰਾਬਰੀ ਦਾ ਪਾਠ ਪੜ੍ਹਾਇਆ। ਸਾਡੀ 'ਬੇਦੀ' ਜਾਤ ਤੋਂ ਸ਼ੁਰੂ ਹੋਈ ਦੇਹਧਾਰੀ ਗੁਰ-ਗੱਦੀ, 'ਸੋਢੀ' ਜਾਤ ਤੇ ਜਾਕੇ ਸਮਾਪਤ ਹੋਈ ਪਰ ਕਿਸੇ ਵੀ ਰੱਬੀ-ਸਰੂਪ ਗੁਰੂ ਨੇ ਆਪਣੇ ਨਾਮ ਦੇ ਪਿੱਛੇ ਜਾਤ ਨਾ ਲਿਖੀ। ਦਸਵੀਂ ਪਾਤਸ਼ਾਹੀ ਨੇ ਤਾਂ ਉਹ ਕਰ ਵਿਖਾਇਆ ਜੋ ਇਸ ਧਰਤੀ ਤੇ ਪਹਿਲਾਂ ਕਦੇ ਹੋਇਆ ਹੀ ਨਹੀਂ ਸੀ - ਵੱਖ ਵੱਖ ਜਾਤ ਦੇ ਬੰਦਿਆਂ ਨੂੰ ਇੱਕ-ਮੁੱਕ ਕੀਤਾ, ਇੱਕ ਬਾਟੇ 'ਚ ਖਾਣਾ ਸਿਖਾਇਆ ਤੇ ਜਾਤ ਪਾਤ ਤੋਂ ਮੁਕਤੀ ਦਾ ਬੀਜ ਬੋਇਆ। ਪਰ ਪਤਾ ਨਹੀਂ ਸਾਡੇ ਪੰਜਾਬ ਦੀ ਧਰਤੀ ਹੀ ਮਾੜੀ ਸੀ, ਜਾਂ ਚੰਗੀ ਸੋਚ ਦੀ ਖਾਦ ਨਹੀਂ ਸੀ, ਕਿ ਚੰਗੇ ਕਰਮਾਂ ਦਾ ਪਾਣੀ ਨਹੀਂ ਸੀ - ਉਹ ਜਾਤ-ਪਾਤ ਤੋਂ ਮੁਕਤੀ ਦਾ ਬੀਜ ਕਦੇ ਵੀ ਪੁੰਗਰ ਨਾ ਸਕਿਆ ਤੇ ਸ਼ਾਇਦ ਸਦਾ ਲਈ ਉਸ ਦਾ ਨਾਸ ਹੋ ਗਿਆ।

1699 ਦੀ ਵਿਸਾਖੀ ਦੇ ਦਿਹਾੜੇ ਨੂੰ, ਇਸ ਤਰਾਂ ਲੱਗਿਆ ਸੀ ਕਿ ਸਾਰਾ ਜਹਾਨ ਹੀ ਬਦਲ ਗਿਆ ਹੋਵੇ। ਦਸਵੀਂ ਪਾਤਸ਼ਾਹੀ ਨੇ ਖੱਤਰੀ, ਜੱਟ, ਧੋਬੀ, ਘੁਮਿਆਰ ਤੇ ਨਾਈ, ਪੰਜ ਵੱਖ-ਵੱਖ ਜਾਤਾਂ ਦੇ ਬੰਦਿਆਂ ਨੂੰ ਇੱਕੋ ਬਾਟੇ 'ਚੋਂ ਅੰਮ੍ਰਿਤ ਛਕਾ ਕਿ ਉਹਨਾਂ ਦੇ ਨਾਮ ਦੇ ਪਿੱਛੋਂ ਦਾਸ, ਚੰਦ, ਰਾਮ ਵਰਗੇ ਉਪਨਾਮ ਹਟਾਕੇ 'ਸਿੰਘ' ਸਜਾ ਦਿੱਤਾ। ਇੰਨਾਂ ਹੀ ਨਹੀਂ, ਬਾਅਦ 'ਚ ਖ਼ੁਦ ਉਹਨਾਂ ਸਿੰਘਾਂ ਦੇ ਹੱਥੋਂ ਆਪ ਵੀ ਅੰਮ੍ਰਿਤ ਛਕ ਕੇ ਸੰਸਾਰ 'ਚ ਇੱਕ ਐਸੀ ਮਿਸਾਲ ਕਾਯਮ ਕੀਤੀ ਜਿਸ ਵਰਗੀ ਦੂਜੀ ਨਾ ਕਦੇ ਹੋਈ ਤੇ ਨਾ ਸ਼ਾਇਦ ਹੋਏਗੀ।ਸੱਚ ਤਾਂ ਇਹ ਹੈ ਕਿ ਸਾਨੂੰ ਪੰਗਤ 'ਚ ਇਸ ਤਰਾਂ ਬੈਠਣਾ ਸਿਖਾਇਆ ਗਇਆ ਕਿ ਕੋਈ ਅੱਗੇ ਪਿੱਛੇ ਨਾ ਬੈਠੇ ਬਲਕਿ ਸਬ ਬਰਾਬਰ ਬੈਠਣ। ਇਹ ਇਸੰਾਨ ਨੂੰ ਬਰਾਬਰ ਕਰਨ ਲਈ ਹੀ ਕੀਤਾ ਗਇਆ ਦੁਨੀਆਂ ਦਾ ਪਹਿਲ ਐਸਾ ਉਪਰਾਲਾ ਸੀ।

ਅੰਮ੍ਰਿਤ ਸੰਸਕਾਰ ਵੇਲੇ ਪੰਜ ਪਿਆਰੇ ਧਰਮ-ਨਾਸ਼, ਕਰਮ-ਨਾਸ਼ ਤੇ ਕੁਲ-ਨਾਸ਼ ਦਾ ਨਾਮ ਦੇਕੇ ਜਾਤ-ਪਾਤ ਨੂੰ ਜੜੋਂ ਹੀ ਮੁਕਾ ਦਿੰਦੇ ਹਨ ਤੇ ਬੰਦੇ ਨੂੰ ਨਵਾਂ ਤੇ ਨਿਰੋਲ, ਅਕਾਲ ਪੁਰਖ ਵੱਲੋਂ ਘੜੇ ਹੋਏ ਪਵਿੱਤਰ ਇੰਸਾਨ ਦਾ ਰੂਪ ਦੇ ਦਿੰਦੇ ਹਨ। ਜਿਸ ਕੌਮ ਦੀ ਮਾਂ ਮਾਤਾ ਸਾਹਿਬ ਕੌਰ ਤੇ ਪਿਤਾ ਗੁਰੂ ਗੋਬਿੰਦ ਸਿੰਘ ਜਿਹੇ ਹੋਣ, ਉੱਥੇ ਨਾਮ ਦੇ ਅੱਗੇ ਜਾਤ ਲਿਖ ਕੇ ਅਸੀਂ ਕੀ ਵਿਖਾਣਾ ਚਾਹੁੰਦੇ ਹਾਂ? ਸੱਚੀ ਗੱਲ ਤਾਂ ਇਹ ਹੈ ਕਿ ਨਾ ਤਾ ਪਹਿਲਾਂ ਵਾਲੇ ਧਰਮ ਦਾ ਹੀ ਨਾਸ਼ ਹੋਇਆ, ਨਾ ਕੁਲ ਦਾ ਤੇ ਨਾ ਹੀ ਕਰਮ ਦਾ।

ਅੱਜ ਵੀ ਉਹੀ ਧਰਮਾਂ ਤੇ ਭਰਮਾਂ ਦੇ ਬਖੇੜੇ, ਜੋਤਸ਼ੀ ਤੇ ਤਵੀਤਾਂ ਵਾਲਿਆਂ ਦੇ ਫੇਰੇ, ਉਹੀ ਭੈੜੇ ਕਰਮ - ਕੁੜੀਆਂ ਨੂੰ ਜੰਮਨ ਨਾ ਦੇਣਾ, ਜੰਮ ਜਾਨ ਤਾਂ ਕੂੜੇ ਦੀ ਤਰਾਂ ਵਿਵਹਾਰ ਕਰਨਾ, ਜਾਤ-ਪਾਤ ਦੇ ਨਾਮ ਤੇ ਵਿਆਹ-ਸ਼ਾਦੀਆਂ 'ਚ ਘਮਸਾਨ ਤੇ ਖ਼ੂਨ-ਖ਼ਰਾਬਾ, ਨਸ਼ਾ-ਖ਼ੋਰੀ, ਝੂਠ ਬੋਲਣ 'ਚ ਦੁਨੀਆਂ 'ਚ ਰਿਕਾਰਡ, ਮਾਪਿਆਂ ਦੀ ਦੁਰਦਸ਼ਾ, ਧਾਰਮਿਕ ਅਸਥਾਨਾਂ ਤੇ ਪੈਸੇ ਨੂੰ ਲੈਕੇ ਝਗੜੇ, ਜ਼ਰ ਤੇ ਜ਼ਮੀਨ ਲਈ ਸੱਕੇ ਭਰਾਵਾਂ ਦੇ ਖ਼ੂਨ, ਝੂਠੇ ਦਿਖਾਵੇ ਤੇ ਸ਼ਾਨ ਲਈ ਪਿਉ ਦਾ ਸੰਘ ਘੁੱਟ ਦੇਣਾ, ਸਿਹਤ ਦਾ ਨਾਸ ਆਦਿ। ਕੁਲ-ਨਾਸ਼ ਦੀ ਘੁੱਟੀ ਨੂੰ ਤਾਂ ਭੁੱਲ ਹੀ ਜਾਉ - ਕੁਲ ਜਾਂ ਜਾਤ ਤਾਂ ਨਾਮ ਦੇ ਅੱਗੇ ਇਸ ਤਰਾਂ ਲਾਉਂਦੇ ਹਾਂ ਜਿਸ ਤਰਾਂ ਫੋਜ ਆਪਣੇ ਅੱਗੇ ਤੋਪ ਨੂੰ ਲਾ ਕੇ ਚੱਲਦੀ ਹੈ।

ਹੈਰਾਨੀ ਤੇ ਦੁੱਖ ਦੀ ਗੱਲ ਤਾਂ ਇਹ ਹੈ ਕਿ ਇਸ ਸੋਚ ਨਾਲ ਨਵੀਂ ਪੀੜ੍ਹੀ ਦਾ ਬਹੁਤ ਹੀ ਨੁਕਸਾਨ ਹੋਇਆ ਹੈ।ਅੱਜ ਹਰ ਜਾਤ ਦੇ ਪੰਜਾਬੀ ਬੱਚੇ ਇੰਨਾਂ ਪੜ੍ਹ-ਲਿਖ ਗਏ ਹਨ ਕਿ ਜ਼ਰੂਰੀ ਨਹੀਂ ਆਪਣੀ ਜਾਤ 'ਚ ਕੋਈ ਉਸੇ ਤਰਾਂ ਦਾ ਮੁੰਡਾ ਜਾਂ ਕੁੜੀ ਵਿਆਹ ਲਈ ਮਿਲ ਜਾਵੇ।ਦੂਜੀ ਜਾਤ 'ਚ ਇੱਕ ਤੋਂ ਇੱਕ ਪੜ੍ਹਿਆ ਲਿਖਿਆ ਤੇ ਪ੍ਰੋਫ਼ੈਸਨਲ ਮੁੰਡਾ ਜਾਂ ਕੁੜੀ ਅਸਾਨੀ ਨਾਲ ਮਿਲ ਸਕਦਾ ਹੈ ਪਰ ਇਸ ਜਾਤ ਪਾਤ ਦੇ ਮੋਹ ਤੇ ਕਲੰਕ ਨੇ ਬੱਚਿਆਂ ਤੋਂ ਉਹਨਾਂ ਦਾ ਪਾਰੀਵਾਰਿਕ ਸੁਖ ਹੀ ਖੋਹ ਲਿਆ ਹੈ। ਅੱਜ ਚਾਰੋਂ ਪਾਸੇ ਸੋਹਣੇ-ਸੁੱਨਖੇ ਪੰਜਾਬੀ ਮੁੰਡੇ ਤੇ ਕੁੜੀਆਂ, ਬਹੁਤ ਪੜ੍ਹੇ-ਲਿਖੇ, 30-30, 40-40 ਵਰ੍ਹਿਆਂ ਦੇ ਹੋ ਗਏ ਨੇ ਪਰ ਮਾਪਿਆਂ ਦੀ ਜਿਦ ਅੱਗੇ ਆਪਣੀ ਜ਼ਿੰਦਗੀ ਬਰਬਾਦ ਕਰ ਰਿਹੇ ਨੇ। ਜਦ ਪਾਣੀ ਸਿਰ ਤੋਂ ਨਿਕਲ ਜਾਂਦਾ ਹੈ, ਉਹੀ ਬੱਚਾ ਦੁਖੀ ਹੋ ਕਿ, ਜਾਤ-ਪਾਤ ਤਾਂ ਛੱਡੋ, ਕਿਸੇ ਦੂਜੇ ਧਰਮ ਦਾ ਸਾਥੀ ਚੁਣ ਲੈਂਦਾ ਹੈ ਕੀ ਤਾਂ ਮੂੰਹ ਕਾਲਾ ਨਹੀਂ ਹੁੰਦਾ? ਕੀ ਆਪਣੇ ਧਰਮ 'ਚ ਵਿਆਹ-ਸ਼ਾਦੀ ਮਾੜੀ ਗੱਲ ਹੈ? ਧਰਮ ਇੱਕ ਹੈ ਤਾਂ ਜਾਤ-ਪਾਤ ਵੱਖ ਵੱਖ ਕਿਵੇਂ ਹੋ ਸਕਦੀ ਹੈ? ਮਨੂਵਾਦ ਦੀ ਇਸੇ ਧਾਰਨਾ ਨੂੰ ਤਾ ਸਾਡੇ ਗੁਰੂਆਂ ਨੇ ਤੋੜਣ ਦੀ ਕੋਸ਼ਿਸ਼ ਕੀਤੀ ਸੀ। ਕੀ ਗੁਰਬਾਨੀ ਦੀ ਸੀਖ ਨਾਲੋਂ ਸਾਡੀ ਸੋਚ ਉੱਚੀ ਹੈ -

'ਜਾਤਿ ਕਾ ਗਰਬੁ ਨਾ ਕਰੀਅਹੁ ਕੋਈ ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ' ॥1॥
'ਜਾਤਿ ਕਾ ਗਰਬੁ ਨਾ ਕਰਿ ਮੂਰਖ ਗਵਾਰਾ॥ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ'॥1॥ਰਹਾਉ॥
'ਚਾਰੇ ਵਰਨ ਆਖੈ ਸਭੁ ਕੋਈ॥ ਬ੍ਰਹਮੁ ਬਿੰਦ ਤੇ ਸਭ ਉਪਤਿ ਹੋਈ'॥2॥
'ਮਾਟੀ ਏਕ ਸਗਲ ਸੰਸਾਰਾ॥ ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ'॥3॥
'ਪੰਚ ਤਤੁ ਮਿਲਿ ਦੇਹੀ ਕਾ ਆਕਾਰਾ॥ ਘਟੀ ਬਧੀ ਕੋ ਕਰੈ ਬੀਚਾਰਾ'॥4॥
'ਕਹਿਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ॥ ਬਿਨੁ ਸਤਿਗੁਰੁ ਭੇਟੇ ਮੁਕਤਿ ਨ ਹੋਈ'॥5॥1॥

ਸਾਡਾ ਰੱਬ ਸਰੂਪ ਗੁਰੂ ਗ੍ਰੰਥ ਸਾਹਿਬ ਕਈ ਥਾਂ ਤੇ ਸਾਨੂੰ ਦੱਸਦਾ ਹੈ -

'ਨਾਮੁ ਜਾਤਿ ਨਾਮੁ ਮੇਰੀ ਪਤਿ ਹੈ ਨਾਮੁ ਮੇਰੈ ਪਰਵਾਰੈ'॥
'ਖਸਮੁ ਵਿਸਾਰਹਿ ਤੇ ਕਮਜਾਤਿ॥ ਨਾਨਕ ਨਾਵੈ ਬਾਝੁ ਸਨਾਤਿ'॥
'ਜਾਤੀ ਦੈ ਕਿਆ ਹਥਿ ਸਚੁ ਪਰਖੀਐ॥ਮਹੁਰਾ ਹੋਵੈ ਹਥੀ ਮਰੀਐ ਚਖੀਐ'॥

ਜਦ ਖ਼ੁਦ ਪਹਿਲੀ ਪਾਤਸ਼ਾਹੀ ਨਾਨਕ ਨੇ ਸਾਨੂੰ ਇਹ ਸਮਝਾਇਆ ਹੋਵੇ -

'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ਨਾਨਕੁ ਤਿਨ ਕੈ ਸੰਗਿ ਸਾਥ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ'॥

ਜਦ ਸਾਡੇ ਕੋਲ ਐਸਾ ਦਰਸ਼ਨ, ਐਸੀ ਫ਼ਿਲਾਸਫ਼ੀ, ਐਸੇ ਗੁਰੂਆਂ ਦਾ ਆਸ਼ੀਰਵਾਦ ਹੋਵੇ, ਤਾਂ ਕੀ ਸਾਡੇ ਕਰਮ ਇਸ ਤਰਾਂ ਦੇ ਹੋਣੇ ਚਾਹੀਦੇ ਹਨ ਜਿਹਨਾਂ ਲਈ ਹੁਣ ਪੰਜਾਬੀ ਸਾਰੀ ਦੁਨੀਆਂ 'ਚ ਮਸ਼ਹੂਰ ਹਨ? ਸਾਡੇ ਆਪਣੀ ਪਿੱਠ ਆਪ ਠੋਕਣ ਵਾਲੇ ਆਗੂ ਅਖੀਰ ਗੱਲ 'ਪੰਜ-ਕਕਾਰਾਂ' ਤੇ ਲਿਆ ਕੇ ਮੁਕਾ ਲੈਂਦੇ ਹਨ। ਨਹੀਂ ਗੱਲ 'ਪੰਜ ਕਕਾਰਾਂ' ਤਾਂਈ ਸੀਮੀਤ ਨਹੀਂ ਹੈ, ਗੱਲ ਹੈ ਉਸ ਸੋਚ, ਉਸ ਉੱਦੇਸ਼ ਦੀ, ਜਿਸ ਲਈ 'ਪੰਜ ਕਕਾਰਾਂ' ਦੀ ਸਥਾਪਨਾ ਹੋਈ ਸੀ। ਜੇ ਉਹ ਉੱਦੇਸ਼ ਹੀ ਨਹੀਂ ਬਚੇ, ਤਾਂ ਚੋਲੇ ਦਾ ਕੀ ਮਤਲਬ ਰਹਿ ਜਾਂਦਾ ਹੈ?

ਅੱਜ ਚਾਰੋਂ ਪਾਸੇ ਉਹ ਬੰਦੇ, ਖ਼ਾਸਤੌਰ ਤੇ ਵਿਦੇਸ਼ਾਂ 'ਚ, ਧਰਮਾਂ ਤੇ ਵਿਖਿਆਨ ਦਿੰਦੇ, ਟੀ.ਵੀ. ਚੈਨਲਾਂ ਤੇ ਆਪਣੀ ਸ਼ਕਲ ਵਿਖਾਉਣ ਲਈ ਤਰਸਦੇ ਪਰ ਪੰਜਾਬੀਅਤ ਦੇ ਗੁਨ ਗਾਂਉਂਦੇ, ਕਈ ਐਸੇ ਸ਼ਖ਼ਸ ਜਿਹਨਾਂ ਦੇ ਪਰੀਵਾਰਾਂ 'ਚ ਬੱਚਿਆਂ ਨੂੰ ਪੰਜਾਬੀ ਦਾ ਇੱਕ ਵੀ ਅੱਖਰ ਨਹੀਂ ਆਉਂਦਾ, ਜਿਹੜੇ ਪੰਜਾਬ ਦੀ ਭੂਮੀ ਤੇ ਪੈਰ ਵੀ ਨਹੀਂ ਰੱਖਣਾ ਚਾਹੁੰਦੇ, ਜਿਹੜੇ ਪੰਜਾਬੀ 'ਚ ਗੱਲ-ਬਾਤ ਕਰਨ ਵਾਲੇ ਨੂੰ ਜਾਹਿਲ ਤੇ ਗੰਵਾਰ ਸਮਝਦੇ ਹਨ, ਆਪਣੇ ਨਾਮ ਦੇ ਅੱਗੇ 'ਜਾਤ' ਦਾ ਔਹੁਦਾ ਜ਼ਰੂਰ ਲਗਾਂਉਂਦੇ ਹਨ।

ਜਦ ਵੇਖੋ ਟੀ.ਵੀ. ਉੱਤੇ ਤੇ ਅਖ਼ਬਾਰਾਂ 'ਚ ਪੰਜ-ਸੱਤ ਬਿਮਾਰ ਮਾਨਸਿਕਤਾ ਵਾਲੇ ਚਿਹਰੇ ਚੌਵੀਂ ਘੰਟੇ ਬੈਠ ਕੇ ਪੰਜਾਬ ਸਰਕਾਰ ਜਾਂ ਭਾਰਤ ਸਰਕਾਰ ਨੂੰ ਗਾਲ੍ਹਾਂ ਕੱਢਦੇ ਹੀ ਨਜ਼ਰ ਆਉਂਦੇ ਨੇ ਜਿਵੇਂ ਕਿ ਸਾਡੀ ਕੌਮ ਕੋਲ ਹੋਰ ਕੋਈ ਕੰਮ ਹੀ ਨਾ ਬਚਿਆ ਹੋਵੇ ਜਾਂ ਸਾਡੇ 'ਚ ਕੋਈ ਕਮੀ ਹੀ ਨਾ ਹੋਵੇ।ਗੱਲ ਇੱਥੇ ਹੀ ਨਹੀਂ ਮੁੱਕਦੀ, ਪੰਜਾਬ ਦੀਆਂ 5 – 7 ਘਟੀਆ ਖ਼ਬਰਾਂ ਨੂੰ ਲੈ ਕੇ ਬੇਮਤਲਬ ਉਹਨਾਂ ਤੇ ਰੋਈ ਜਾਣਾ ਜਾਂ ਆਪਣੀਆਂ ਇੰਗਲੈਂਡ ਦੀਆਂ ਵੱਖ-ਵੱਖ ਜੱਥੇਬੰਦੀਆਂ ਨੂੰ ਕੋਸੀ ਜਾਣਾ, ਬਸ ਇਹੋ ਹੀ ਇਹਨਾਂ ਦਾ ਮਕਸਦ ਜਾਪਦਾ ਹੈ।ਬਜਾਇ ਕਿ ਅਸੀਂ ਪੰਜਾਬ ਤੇ ਭਾਰਤੀ ਸਰਕਾਰ ਨੂੰ ਗਾਲ੍ਹਾਂ ਕੱਢੀਏ, ਸਾਨੂੰ ਚਾਹੀਦਾ ਹੈ ਕਿ ਇੱਥੇ ਆਪਣੇ ਲਾਲਚਾਂ ਖ਼ਾਤਿਰ ਵੰਡ-ਵੰਡਾਈਆਂ ਤੇ ਵੱਖ ਵੱਖ ਜੱਥੇਬੰਦੀਆਂ ਬਣਾਉਣ ਦੀ ਥਾਂ, ਇੱਕ ਮੁੱਕ ਹੋਕੇ ਆਪਣੇ ਸਮਾਜ ਦੀ ਰਚਨਾ ਦਾ ਕੋਈ ਬੀੜਾ ਚੁੱਕੀਏ ਤੇ ਗੱਲੀਂਬਾਤੀਂ ਕੰਮ ਨਾ ਸਾਰੀਏ। ਹਫ਼ਤਿਆਂ ਤੇ ਮਹੀਨਿਆਂ ਬੱਧੀ ਸਾਰਾ ਸਾਰਾ ਦਿਨ ਕੱਬਡੀ ਦੇ ਮੈਚਾਂ ਨੂੰ ਹੀ ਦਿਖਾਈ ਜਾਣਾ, ਕੀ ਇਹੋ ਅੱਜ ਦੇ ਪੰਜਾਬੀ ਸਮਾਜ ਦੀ ਲੋੜ ਹੈ? ਕੀ ਅਸੀਂ ਆਪਣੇ ਮੀਡੀਆ ਨੂੰ ਕਿਸ ਤਰਾਂ ਇਸਤੇਮਾਲ ਕਰਨਾ ਹੈ ਇਹ ਵੀ ਨਹੀਂ ਜਾਣਦੇ? ਕੀ ਅਸੀਂ ਪ੍ਰੋਗਰਾਮਾਂ ਨੂੰ ਬੈਲੈਂਸ ਨਹੀਂ ਕਰ ਸਕਦੇ? ਅੱਜ ਮੇਰੇ ਲੇਖ ਦਾ ਵਿਸ਼ੇ 'ਮੀਡੀਆ' ਨਹੀਂ ਹੈ ਸੋ ਇਸ ਗੱਲ ਦਾ ਭੋਗ ਇੱਥੇ ਹੀ ਪਾਉਂਦਾ ਹਾਂ।

ਮੈਨੂੰ ਤਾਂ ਅੱਜ ਪੰਜਾਬੀ ਸੱਭਿਆਚਾਰ ਤੇ ਪੰਜਾਬੀ ਸਮਾਜ ਤੇ ਤਰਸ ਆਉਂਦਾ ਹੈ। ਸਾਡੇ ਕੋਲ ਕੋਈ ਚੰਗਾ ਏਜੰਡਾ ਹੀ ਨਹੀਂ ਹੈ। ਜਾਤ ਪਾਤ ਵਰਗਾ ਸਦੀਆਂ ਪੁਰਾਨਾ ਕੋੜ੍ਹ ਤਾਂ ਕਿੱਥੋਂ ਠੀਕ ਕਰਾਂਗੇ, ਅਸੀਂ ਤਾਂ ਅਜੇ ਸਮਾਜ ਦੀਆਂ ਮੂਲਭੂਤ ਜਾਂ ਬੇਸਿਕ ਗੱਲਾਂ ਬਾਰੇ ਵੀ ਨਹੀਂ ਜਾਣਦੇ ਮਸਲਨ ਫ਼ੋਨ ਤੇ ਸਭ ਨੂੰ ਸਤਿ ਸ੍ਰੀ ਅਕਾਲ ਕਹਿਨਾ, ਕਿਸੇ ਪਬਲਿਕ ਪਲੇਸ 'ਚ ਉੱਚੀ-ਉੱਚੀ ਗੱਲਾਂ ਕਰਨਾ, ਆਪਣੇ ਤੇ ਕਿਸੇ ਦੇ ਬਾਥਰੂਮ ਦਾ ਇਸਤੇਮਾਲ ਚੱਜ ਨਾਲ ਕਰਨਾ, ਰੋਟੀ ਖਾਣ ਤੋਂ ਪਹਿਲਾਂ ਤੇ ਬਾਅਦ 'ਚ ਹੱਥ ਧੋਣਾ, ਰਾਤ ਨੂੰ ਬ੍ਰਸ਼ ਕਰਨਾ, ਗੁਰਦਵਾਰਾ ਸਾਹਿਬ ਚੋਂ ਚੁਪ-ਚੁਪੀਤੇ ਲੰਗਰ ਚੁੱਕ ਲਿਆਣਾ, ਸਾਡੇ ਮਰਦਾਂ ਦਾ ਪਬਲਿਕ ਪਲੇਸਾਂ ਤੇ ਕੁੜੀਆਂ ਨੂੰ ਘੂਰਨਾ ਜਾਂ ਘਟਿਆ ਫ਼ਿਕਰੇ ਕੱਸਨਾ, ਮੌਕਾ ਨਿਕਲ ਜਾਣ ਤੋਂ ਬਾਅਦ ਬੰਦੇ ਨੂੰ ਨਾ ਪਛਾਨਣਾ, ਸਾਹਮਣੇ ਜੱਫਾ ਪਾ ਕੇ ਮਿਲਨਾ ਤੇ ਪਿੱਠ ਪਿੱਛੇ ਬਕਵਾਸ ਕਰਨਾ, ਸਮੇਂ ਦਾ ਪਾਬੰਦ ਨਾ ਹੋਣਾ, ਦੂਜੇ ਦਾ ਪੈਸਾ ਨਾ ਮੋੜਨਾ ਆਦਿ।ਕਦੇ ਲੱਗਦਾ ਹੈ ਅਸੀਂ ਸਮਾਜਿਕ ਤੌਰ ਤੇ ਹੀ ਇੰਨੇਂ ਪਿੱਛੜੇ ਹੋਏ ਤੇ ਮਾੜੇ ਹਾਂ, ਇਹ ਜਾਤ-ਪਾਤ ਤੇ ਹੋਰਨਾਂ ਐਸੀਂਆਂ ਬਿਮਾਰੀਆਂ ਬਾਰੇ ਸਾਨੂੰ ਕੀ ਪਤਾ?

ਪਰ ਕੀ ਸਮਾਜਿਕ ਤੇ ਧਾਰਮਿਕ ਅਦਾਰਿਆਂ ਦਾ, ਆਪਣੇ ਆਪ ਨੂੰ ਆਗੂ ਕਹਾਉਣ ਵਾਲਿਆਂ ਦਾ ਇਹ ਦੋਸ਼ ਨਹੀਂ? ਕੀ ਬਜਾਇ ਵੱਡੀਆਂ-ਵੱਡੀਆਂ ਗੱਲਾਂ ਕਰਨ ਦੇ, ਅਸੀਂ ਸਮਾਜ ਦੀਆਂ ਛੋਟੀਆਂ ਛੋਟੀਆਂ ਗੱਲਾਂ ਤੇ ਲੋੜਾਂ ਨੂੰ ਸਮਝ ਕੇ, ਉਸ ਉੱਤੇ ਕੁਝ ਐਸਾ ਸਮਾਂਬੰਦ ਏਜੰਡਾ ਤਿਆਰ ਕਰੀਏ ਜਿਸ ਨਾਲ ਸਮਾਜਿਕ ਬੁਰਾਈਆਂ ਤੋਂ ਆਪਣੇ ਸਮਾਜ ਨੂੰ ਕੱਢ ਸਕੀਏ? ਜਿੱਥੇ ਬੰਦੇ ਨੂੰ ਅਜੇ ਇਹ ਹੀ ਨਹੀਂ ਪਤਾ ਕਿ ਸੱਜੇ ਹੱਥ ਤੁਰਨਾ ਹੈ ਕਿ ਖੱਬੇ, ਉੱਥੇ ਉਹਨਾਂ ਨੂੰ ਹੋਰਨਾਂ ਬੁਰਾਈਆਂ ਬਾਰੇ ਕੀ ਸਮਝਾਇਆ ਜਾਵੇ? ਮੇਰਾ ਨਿਜੀ ਖ਼ਿਆਲ ਹੈ ਕਿ ਸਮਾਜ 'ਚ ਹਰ ਤਰਾਂ ਦੇ ਲੋਕ ਹੁੰਦੇ ਹਨ ਤੇ ਸਮਾਜ ਦੀਆਂ ਛੋਟੀਆਂ-ਵੱਡੀਆਂ ਕਈ ਤਰਾਂ ਦੀਆਂ ਲੋੜਾਂ ਵੀ ਹੁੰਦੀਆਂ ਹਨ। ਸਮਾਜ ਦੇ ਜਾਣੇ-ਪਛਾਣੇ ਵਿਅਕਤੀਆਂ ਨੂੰ, ਧਾਰਮਿਕ ਅਦਾਰਿਆਂ ਨੂੰ ਤੇ ਮੀਡੀਆ ਨੂੰ ਲੋੜਨੁਸਾਰ ਪ੍ਰੋਗਰਾਮ ਉਲੀਕਨੇ ਚਾਹੀਦੇ ਹਣ ਜਿਸ ਵਿੱਚ ਨਿੱਕੀ ਤੋਂ ਨਿੱਕੀ ਗੱਲ ਨੂੰ ਵੀ ਉੰਨਾਂ ਹੀ ਮਹੱਤਵ ਦਿੱਤਾ ਜਾਵੇ ਜਿੰਨਾਂ ਕਿ ਜਾਤ-ਪਾਤ ਵਰਗੇ ਇੰਨੇ ਵੱਡੇ ਕੰਲਕ ਨੂੰ। ਅਤੇ ਫਿਰ ਮਿੱਥੇ ਸਮੇਨੁਸਾਰ ਉੰਨਾਂ ਸਾਰਿਆਂ ਪ੍ਰੋਗਰਾਮਾਂ ਦੀ ਜਾਣਕਾਰੀ ਲਿੱਤੀ ਜਾਵੇ, ਦਿੱਤੀ ਜਾਵੇ ਤੇ ਕਮੀਆਂ-ਪੇਸ਼ੀਆਂ ਦੀ ਪੜਚੋਲ ਕੀਤੀ ਜਾਵੇ ਤਾਂ ਹੀ ਸ਼ਾਇਦ ਕੋਈ ਨਤੀਜਾ ਸਾਹਮਣੇ ਆ ਸਕੇਗਾ।

ਸਮਾਜ 'ਚ ਬਦਲਾਅ ਲਿਆਣਾ ਕੋਈ ਆਸਾਨ ਕੰਮ ਨਹੀਂ। ਸਾਡੇ ਗੁਰੂਆਂ ਨੇ ਸਾਨੂੰ ਰਾਹ ਵਿਖਾ ਦਿੱਤਾ ਹੈ, ਹੁਣ ਮਜ਼ਿੰਲ ਤੇ ਪਹੁੰਚਣ ਲਈ ਮਿਹਨਤ ਅਸਾਂ ਆਪ ਕਰਨੀ ਹੈ। ਮੈਂ ਇਸ ਲੇਖ ਦੀ ਸ਼ੁਰੂਆਤ ਵਿਅੰਗਾਤਮਕ ਲਹਜ਼ੇ 'ਚ ਕੀਤੀ ਸੀ ਪਰ ਇੱਥੇ ਪਹੁੰਚਦਿਆਂ ਪਹੁੰਚਦਿਆਂ ਮੈਨੂੰ ਲੱਗ ਰਿਹਾ ਹੈ ਕਿ ਗੱਲ ਵਿੰਅਗ ਦੀ ਨਹੀਂ ਬਲਕਿ ਸ਼ਰਮ ਦੀ ਹੈ। ਆਉ ਇਸ ਆਉਣ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਗੁਰਪੁਰਬ ਤੇ ਸੌਂਹ ਖਾਈਏ ਕਿ ਅੱਜ ਤੋਂ ਬਾਅਦ ਅਸੀਂ ਆਪਣੇ ਨਾਮ ਦੇ ਅੱਗੇ ਆਪਣੀ ਜਾਤ ਨਹੀਂ ਲਿਖਾਂਗੇ ਤੇ ਜਾਤ ਪਾਤ ਦੇ ਨਾਮ ਤੇ ਰਿਸ਼ਤੇ ਨਹੀਂ ਜੋੜਾਂਗੇ। ਆਉ, ਆਪਣੇ ਬੱਚਿਆਂ ਤੋਂ ਮਾਫ਼ੀ ਮੰਗੀਏ ਕਿ ਅਸੀਂ ਉਹਨਾਂ ਨੂੰ ਗ਼ਲਤ ਸਿੱਖਿਆ ਦਿੱਤੀ ਤੇ ਹੁਣ ਅਸੀਂ ਉਹਨਾਂ ਨੂੰ ਜਾਤ ਪਾਤ ਦੇ ਨਾਮ ਤੇ ਨਹੀਂ ਭਰਮਾਵਾਂਗੇ। (ਮੈਂ ਗੁਰਬਾਣੀ 'ਚੋਂ ਕੁਝ ਹਵਾਲੇ ਦਿੱਤੇ ਨੇ, ਮੈਂ ਗੁਰਬਾਣੀ ਤੇ ਕੋਈ ਅਥਾਰਿਟੀ ਨਹੀਂ, ਮੇਰਾ ਉੱਦੇਸ਼ ਤਾਂ ਸਿਰਫ਼ ਸਾਦੀ ਜ਼ੁਬਾਨ 'ਚ ਆਪਣੀ ਗੱਲ ਆਪਣੇ ਪਾਠਕਾਂ ਤੀਕ ਪਹੁੰਚਾਣਾ ਹੀ ਹੈ, ਭੁੱਲ-ਚੁੱਕ ਮਾਫ਼ – ਡਾ.ਅਸ਼ੋਕ)

**Dr. A. Kumar**
**Vice President**
**Yorks College (Canada UK USA India)**
**www.yorkscollege.com**
**Email: info@yorkscollege.com**